بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

ਸੰਤੋਖ, ਸਾਦਗੀ ਅਤੇ ਮਿਸਕੀਨੀ ਦੀ ਰੌਸ਼ਨੀ ਵਿੱਚ ਹਜ਼ਰਤ ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੀਰਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 23 ਅਕਤੂਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸਾਦੀ ਜ਼ਿੰਦਗੀ ਦਾ ਜ਼ਿਕਰ ਮੈਂ ਸ਼ੁਰੂ ਕੀਤਾ ਸੀ। ਆਪ ﷺ ਦੀ ਸਾਦਗੀ ਦਾ ਇੱਕ ਅੰਦਾਜ਼ ਇਹ ਵੀ ਸੀ ਕਿ ਕਈ ਵਾਰ ਆਪਣੀ ਲੋੜ ਦੀਆਂ ਚੀਜ਼ਾਂ ਆਪ ﷺ **ਬਾਜ਼ਾਰੋਂ** ਖ਼ਰੀਦ ਲਿਆ ਕਰਦੇ ਸਨ। ਚੁਨਾਂਚਿ ਹਜ਼ਰਤ ਅਬੂ ਹੁਰੈਰਾ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਇੱਕ ਦਿਨ ਆਪ ﷺ ਦੇ ਨਾਲ਼ ਬਾਜ਼ਾਰ ਵਿੱਚ ਦਾਖ਼ਿਲ ਹੋਇਆ; ਆਪ ﷺ ਕੱਪੜੇ ਦੇ ਵਪਾਰੀ ਕੋਲ਼ ਬੈਠੇ ਫਿਰ ਆਪ ﷺ ਨੇ ਚਾਰ ਦਿਰਹਮ ਵਿੱਚ ਖੁੱਲ੍ਹਾ ਪਜਾਮਾ ਖ਼ਰੀਦਿਆ।

ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਤੋਂ ਰਿਵਾਇਤ ਹੈ ਕਿ ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਮੇਰੇ ਕੋਲ਼ ਆਏ। ਉਸ ਵੇਲੇ ਮੇਰੇ ਕੋਲ਼ ਅਨਸਾਰ ਦੀਆਂ ਦੋ ਕੁੜੀਆਂ ਕੁੱਝ ਸ਼ਿਅਰ ਗਾ ਰਹੀਆਂ ਸਨ। ਉਹ ਪੇਸ਼ੇਵਰ ਗਾਉਣ ਵਾਲ਼ੀਆਂ ਨਹੀਂ ਸਨ ਬਲਕਿ ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਉਹ ਮੇਰੀਆਂ ਸਹੇਲੀਆਂ ਸਨ। ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਨੇ ਗਾਣੇ ਦੀ ਆਵਾਜ਼ ਸੁਣੀ ਤਾਂ ਫ਼ਰਮਾਇਆ: ਇਹ ਕੀ ਅੱਲਾਹ ਦੇ ਨਬੀ ﷺ ਦੇ ਘਰ ਵਿੱਚ ਤੁਸੀਂ ਸ਼ੈਤਾਨ ਦੀਆਂ **ਬੰਸੁਰੀਆਂ** ਲੈ ਕੇ ਬੈਠੀਆਂ ਹੋ; ਇਹ ਈਦ ਦਾ ਦਿਨ ਹੈ। ਆਪ ﷺ ਨੇ ਸੁਣਿਆ ਤਾਂ ਫ਼ਰਮਾਇਆ ਐ ਅਬੂ ਬਕਰ! ਹਰ ਕ਼ੌਮ ਦੀ ਈਦ ਹੁੰਦੀ ਹੈ ਅਤੇ ਇਹ ਸਾਡੀ ਈਦ ਹੈ। ਬਸ ਇਨ੍ਹਾਂ ਨੂੰ ਗੀਤ ਗਾਉਣ ਦਿਓ ਅਤੇ ਨਾ ਰੋਕੋ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸਾਦਾ **ਬੇ-ਤਕੱਲੁਫ਼** ਮਾਹੌਲ ਹੈ; ਕੋਈ ਸ਼ਿਰਕ ਦੀ ਗੱਲ ਨਹੀਂ ਹੋ ਰਹੀ ਤਾਂ ਉਨ੍ਹਾਂ ਨੂੰ ਗੀਤ ਗਾਉਣ ਦਿਓ। ਆਪ ﷺ ਬੱਚਿਆਂ ਦੇ ਕੋਲੋਂ ਲੰਘਦੇ ਤਾਂ ਆਪ ﷺ ਉਨ੍ਹਾਂ ਨੂੰ **ਸਲਾਮ** ਕਰਦੇ, ਉਨ੍ਹਾਂ ਦੇ ਸਿਰ 'ਤੇ **ਹੱਥ** ਫੇਰਦੇ, ਉਨ੍ਹਾਂ ਦੇ ਲਈ **ਦੁਆ** ਕਰਦੇ, ਕੋਈ ਸ਼ਖ਼ਸ ਆਪ ﷺ ਦੇ ਨਾਲ਼ ਬੈਠਦਾ ਜਾਂ ਕਿਸੇ ਲੋੜ ਦੇ ਲਈ ਆਪ ﷺ ਦੇ ਨਾਲ਼ ਗੱਲ ਕਰਦਾ ਤਾਂ ਆਪ ﷺ ਉਸ ਦੇ ਨਾਲ਼ ਸਬਰ ਨਾਲ਼ ਬੈਠੇ ਰਹਿੰਦੇ ਇੱਥੋਂ ਤੱਕ ਕਿ ਉਹ ਸ਼ਖ਼ਸ ਆਪ ਉੱਠ ਕੇ ਚਲਿਆ ਜਾਂਦਾ। ਇਹ ਸਾਦਗੀ ਅਤੇ ਸਬਰ ਆਉਣ ਵਾਲ਼ੇ ਨੂੰ ਤਸੱਲੀ ਅਤੇ ਹੌਸਲਾ ਦਿੰਦਾ ਕਿ ਉਹ ਆਪਣੀ ਗੱਲ ਆਰਾਮ ਨਾਲ਼ ਬਿਆਨ ਕਰੇ। ਬਸ ਇਹੋ ਤਰੀਕ਼ਾ ਹੈ ਜਿਹੜਾ ਸਾਡੇ ਅਹੁਦੇਦਾਰਾਂ ਨੂੰ ਵੀ ਇਖ਼ਤਿਆਰ ਕਰਨਾ ਚਾਹੀਦਾ ਹੈ।

ਹਜ਼ਰਤ ਇਮਾਮ ਹੁਸੈਨ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਆਪਣੇ ਵਾਲਿਦ ਕੋਲੋਂ ਆਪ ﷺ ਦੀ ਮਜਲਿਸ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਫ਼ਰਮਾਇਆ ਕਿ ਆਪ ﷺ ਉੱਠਦੇ ਬਹਿੰਦੇ **ਜ਼ਿਕਰਿ ਇਲਾਹੀ** ਕਰਦੇ, ਕਿਸੇ ਕ਼ੌਮ ਦੇ ਕੋਲ਼ ਜਾਂਦੇ ਤਾਂ ਜਦ ਮਜਲਿਸ ਖ਼ਤਮ ਹੁੰਦੀ ਤਾਂ ਉੱਥੇ ਤਸ਼ਰੀਫ਼ ਰੱਖਦੇ। ਆਪ ﷺ ਹਰ ਬੈਠਣ ਵਾਲ਼ੇ ਨੂੰ ਉਸ ਦਾ ਹੱਕ਼ ਦਿੰਦੇ; ਕੋਈ ਇਹ ਗੁਮਾਨ ਨਾ ਕਰਦਾ ਕਿ ਕੋਈ ਦੂਸਰਾ ਉਸ ਤੋਂ ਜ਼ਿਆਦਾ ਉਚੇਚਾ ਹੈ। ਆਪ ﷺ ਦੇ ਦਾਨ ਪੁੰਨ ਅਤੇ ਚੰਗੇ ਅਖ਼ਲਾਕ਼ ਸਭ ਦੇ ਲਈ ਇੱਕੋ ਜਿਹੇ ਸਨ। ਆਪ ﷺ ਉਨ੍ਹਾਂ ਦੇ ਲਈ **ਬਾਪ** ਦੀ ਤਰ੍ਹਾਂ ਹੋ ਗਏ ਸਨ।

ਮਦੀਨੇ ਦੀ ਹਿਜਰਤ ਵੇਲ਼ੇ ਜਦ ਕ਼ੁਬਾ ਤੋਂ ਬਾਹਰ ਆਪ ﷺ ਇੱਕ ਦਰਖ਼ਤ ਦੇ ਥੱਲੇ ਬੈਠੇ ਤਾਂ ਉਸ ਵੇਲ਼ੇ ਮਦੀਨੇ ਦੇ ਜ਼ਿਆਦਾਤਰ ਲੋਕ ਆਪ ﷺ ਦੇ ਚਿਹਰੇ ਤੋਂ ਵਾਕ਼ਿਫ਼ ਨਹੀਂ ਸਨ। ਲੋਕ ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਨੂੰ ਆਪ ﷺ ਦੀ ਜਗ੍ਹਾ ਅੱਲਾਹ ਦਾ ਨਬੀ ਸਮਝ ਰਹੇ ਸਨ ਅਤੇ ਬੜੀ ਅਕ਼ੀਦਤ ਨਾਲ਼ ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਦੇ ਵੱਲ ਮੂੰਹ ਕਰਕੇ ਬੈਠ ਰਹੇ ਸਨ। ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਨੇ ਇਹ ਸਭ ਦੇਖ ਕੇ ਝੱਟ ਆਪਣੀ ਚਾਦਰ ਚੁੱਕੀ ਅਤੇ ਸੂਰਜ ਦੇ ਵੱਲ ਖੜੇ ਹੋ ਗਏ ਅਤੇ ਕਿਹਾ: ਐ ਅੱਲਾਹ ਦੇ ਰਸੂਲ! ਆਪ ﷺ ‘ਤੇ ਧੁੱਪ ਪੈ ਰਹੀ ਹੈ, ਮੈਂ ਆਪ ﷺ ‘ਤੇ ਛਾਂ ਕਰ ਦਿੰਦਾ ਹਾਂ।

ਹਜ਼ਰਤ ਜਾਬਿਰ ਬਿਨ ਅਬਦੁੱਲਾਹ ਰਜ਼ਿਯੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਇੱਕ ਵਾਰ ਬਿਮਾਰ ਹੋਇਆ ਤਾਂ ਆਪ ﷺ ਅਤੇ ਹਜ਼ਰਤ ਅਬੂ ਬਕਰ ਰਜ਼ਿਯੱਲਾਹੁ ਅਨਹੁ ਮੇਰੇ ਘਰ ਤਸ਼ਰੀਫ਼ ਲਿਆਏ ਅਤੇ ਉਨ੍ਹਾਂ ਨੇ ਮੈਨੂੰ ਬੇ-ਹੋਸ਼ ਪਾਇਆ। ਆਪ ﷺ ਨੇ ਵਜ਼ੂ ਕੀਤਾ ਅਤੇ ਵਜ਼ੂ ਦਾ ਪਾਣੀ ਮੇਰੇ ‘ਤੇ ਪਾਇਆ ਤਾਂ ਮੈਨੂੰ ਹੋਸ਼ ਆਈ।

ਆਪ ﷺ ਦੀ ਜ਼ਿੰਦਗੀ ਵਿੱਚ ਕੋਈ ਬਣਾਵਟ ਨਹੀਂ ਸੀ. ਸਾਦਗੀ ਸੀ। ਆਪ ﷺ ਆਪਣੇ ਸਹਾਬਾ ਨੂੰ ਵੀ ਇਹੀ ਸਮਝਾਇਆ ਕਰਦੇ ਸਨ ਕਿ **ਸਾਦਗੀ** ਇਖ਼ਤਿਆਰ ਕਰੋ ਤਾਂ ਜੋ ਉਨ੍ਹਾਂ ਦਾ ਵੀ ਸੁਧਾਰ ਹੁੰਦਾ ਰਹੇ।

ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜੰਗਿ ਬਦਰ ਦੇ ਦਿਨ ਤਿੰਨ ਦਿਨ ਆਦਮੀ ਇੱਕ **ਊਠ** ‘ਤੇ ਵਾਰੀ ਵਾਰੀ ਸਵਾਰ ਹੁੰਦੇ ਸਨ। ਆਪ ﷺ ਦੇ ਨਾਲ਼ ਸਵਾਰ ਹੋਣ ਵਾਲਿਆਂ ਨੇ ਕਿਹਾ ਕਿ ਐ ਅੱਲਾਹ ਦੇ ਰਸੂਲ! ਤੁਸੀਂ ਸਵਾਰ ਹੋਵੋ ਅਤੇ ਅਸੀਂ **ਪੈਦਲ** ਚੱਲ ਲੈਂਦੇ ਹਾਂ। ਇਸ ‘ਤੇ ਆਪ ﷺ ਨੇ ਫ਼ਰਮਾਇਆ ਕਿ ਤੁਸੀਂ ਦੋਹੇਂ ਮੇਰੇ ਤੋਂ ਜ਼ਿਆਦਾ ਤਾਕ਼ਤਵਰ ਨਹੀਂ ਹੋ ਅਤੇ ਨਾ ਮੈਂ ਤੁਹਾਡੇ ਦੋਹਾਂ ਤੋਂ ਸਵਾਬ ਦੇ ਮਾਮਲੇ ਵਿੱਚ ਬੇ-ਪਰਵਾਹ ਹਾਂ। ਇਸ ਲਈ ਜਿਹੜਾ ਅਸੂਲ ਤੈਅ ਹੋ ਗਿਆ ਹੈ ਉਸੇ ਦੇ ਮੁਤਾਬਿਕ਼ ਅਮਲ ਹੋਵੇਗਾ।

ਹਜ਼ਰਤ ਅਮ੍ਰ ਬਿਨ ਹਾਰਿਸ ਰਜ਼ਿਯੱਲਾਹੁ ਅਨਹੁ ਕਹਿੰਦੇ ਹਨ ਕਿ ਅੱਲਾਹ ਦੇ ਨਬੀ ﷺ ਨੇ ਨਾ ਕੋਈ **ਦੀਨਾਰ** ਛੱਡਿਆ, ਨਾ **ਦਿਰਹਮ**, ਨਾ **ਗ਼ੁਲਾਮ** ਅਤੇ ਨਾ ਕੋਈ **ਲੌਂਡੀ** ਸਿਵਾਏ ਆਪਣੇ ਚਿੱਟੇ **ਖ਼ੱਚਰ** ਦੇ ਜਿਸ ‘ਤੇ ਆਪ ﷺ ਸਵਾਰ ਹੋਇਆ ਕਰਦੇ ਸਨ ਅਤੇ ਆਪਣੇ **ਹਥਿਆਰਾਂ** ਦੇ ਅਤੇ ਇੱਕ **ਜ਼ਮੀਨ** ਦੇ ਜਿਹੜੀ ਆਪ ﷺ ਨੇ ਮੁਸਾਫ਼ਿਰਾਂ ਦੇ ਲਈ ਵਕ਼ਫ਼ ਕਰ ਦਿੱਤੀ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਨਬੀ ਕਰੀਮ ﷺ ਤੋਂ ਇਹ ਵੀ ਸਾਬਿਤ ਹੈ ਕਿ ਆਪ ﷺ ਚੰਗੇ ਤੋਂ ਚੰਗਾ ਖਾਣਾ ਵੀ ਖਾ ਲਿਆ ਕਰਦੇ ਸਨ ਅਤੇ ਇਹ ਵੀ ਸਾਬਿਤ ਹੈ ਕਿ ਆਪ ﷺ ਨੇ **ਫ਼ਾਕ਼ੇ** ਵੀ ਕੀਤੇ। ਕਈ ਵਾਰ ਇੰਨੇ ਲੰਮੇ ਫ਼ਾਕ਼ੇ ਕੀਤੇ ਕਿ ਆਪ ﷺ ਨੂੰ ਆਪਣਾ ਢਿੱਡ ਬੰਨ੍ਹਣਾ ਪਿਆ। ਪਰ ਹਰ ਹਾਲਤ ਵਿੱਚ ਆਪ ﷺ ਦੀ ਜ਼ਿੰਦਗੀ **ਸ਼ੁਕਰ** ਅਤੇ **ਸਾਦਗੀ** ਵਿੱਚ ਲੰਘੀ।

ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ﷺ ਦੀ ਜ਼ਿੰਦਗੀ ਬੜੀ ਸਾਦੀ ਸੀ। ਆਪ ﷺ ਕਿਸੇ ਕੰਮ ਨੂੰ ਕਰਨ ਵਿੱਚ **ਸ਼ਰਮ** ਨਹੀਂ ਸਮਝਦੇ ਸਨ। ਆਪ ﷺ ਆਪਣੇ ਊਠ ਨੂੰ ਆਪ ﷺ **ਪੱਠੇ** ਪਾਉਂਦੇ, ਘਰ ਦੇ **ਕੰਮ** ਕਾਜ ਕਰਦੇ, ਆਪਣੀ ਜੁੱਤੀਆਂ ਦੀ **ਮੁਰੰਮਤ** ਕਰ ਲੈਂਦੇ, ਕੱਪੜੇ ‘ਤੇ **ਟਾਕੀ** ਲਾ ਲੈਂਦੇ, ਸੇਵਕ ਨੂੰ ਆਪਣੇ ਨਾਲ਼ ਬਿਠਾ ਕੇ ਖਾਣਾ ਖਵਾਉਂਦੇ, ਆਟਾ ਪੀਹੰਦੇ ਪੀਹੰਦੇ ਜੇਕਰ ਉਹ ਥੱਕ ਜਾਂਦਾ ਤਾਂ ਉਸ ਵਿੱਚ ਉਸ ਦੀ **ਮਦਦ** ਕਰਦੇ, ਬਾਜ਼ਾਰੋਂ ਘਰ ਦਾ ਸਮਾਨ **ਚੁੱਕ** ਕੇ ਲਿਆਉਣ ਵਿੱਚ ਸ਼ਰਮ ਮਹਿਸੂਸ ਨਾ ਕਰਦੇ, ਅਮੀਰ ਗ਼ਰੀਬ ਹਰ ਇੱਕ ਨਾਲ਼ **ਹੱਥ** ਮਿਲ਼ਾਉਂਦੇ, **ਸਲਾਮ** ਵਿੱਚ ਹਮੇਸ਼ਾ ਪਹਿਲ ਕਰਦੇ, ਜੇਕਰ ਕੋਈ **ਖਜੂਰ** ਦੀ ਦਾਅਵਤ ਵੀ ਦਿੰਦਾ ਤਾਂ ਆਪ ﷺ ਉਸ ਨੂੰ ਹੀਣਾ ਨਾ ਸਮਝਦੇ ਅਤੇ ਉਸ ਨੂੰ **ਕ਼ਬੂਲ** ਕਰਦੇ। ਆਪ ﷺ ਨਿਹਾਇਤ ਹਮ-ਦਰਦ ਨਰਮ

ਮਿਜ਼ਾਜ ਅਤੇ ਨਰਮ ਸੁਭਾਅ ਦੇ ਸਨ। ਆਪ ﷺ ਦਾ ਰਹਿਣ ਸਹਿਣ ਨਿਹਾਇਤ ਸਾਦਾ ਸੀ। **ਖਿੜੇ ਮੱਥੇ** ਪੇਸ਼ ਆਉਂਦੇ, **ਮੁਸਕੁਰਾਹਟ** ਆਪ ﷺ ਦੇ ਚਿਹਰੇ ਤੋਂ ਝਲਕਦੀ ਰਹਿੰਦੀ। ਆਪ ﷺ ਜ਼ੋਰ ਨਾਲ਼ ਠਹਾਕਾ ਲਾ ਕੇ ਨਹੀਂ ਹੱਸਦੇ ਸਨ। ਖ਼ੁਦਾ ਦੇ ਖ਼ੌਫ਼ ਤੋਂ ਫ਼ਿਕਰਮੰਦ ਰਹਿੰਦੇ ਪਰ **ਤੁਰਸ਼ੀ** ਅਤੇ **ਸਖ਼ਤੀ** ਨਾਮ ਦੀ ਵੀ ਨਹੀਂ ਸੀ। ਨਿਮਰਤਾ ਵਾਲ਼ੇ ਸੁਭਾਅ ਦੇ ਸਨ ਪਰ ਇਸ ਵਿੱਚ ਕੋਈ ਕਮਜ਼ੋਰੀ ਅਤੇ ਘੱਟ ਹਿੰਮਤੀ ਦੀ ਸ਼ੰਕਾ ਤੱਕ ਨਹੀਂ ਸੀ। ਬੜੇ ਦਾਨ ਪੁੰਨ ਕਰਨ ਵਾਲੇ, ਨਰਮ ਦਿਲ ਅਤੇ ਰਹੀਮ ਅਤੇ ਕਰੀਮ ਸਨ। ਹਰ ਮੁਸਲਮਾਨ ਨਾਲ਼ ਮਿਹਰਬਾਨੀ ਨਾਲ਼ ਪੇਸ਼ ਆਉਂਦੇ। ਇੰਨਾ ਢਿੱਡ ਭਰ ਕੇ ਨਾ ਖਾਣਾ ਖਾਂਦੇ ਕਿ **ਡਕਾਰ** ਲੈਂਦੇ ਰਹਿਣ। ਕਦੀ ਲੋਭ ਅਤੇ ਲਾਲਚ ਦੇ ਜਜ਼ਬੇ ਨਾਲ਼ ਹੱਥ ਨਾ ਵਧਾਉਂਦੇ ਬਲਕਿ **ਸਬਰ** ਅਤੇ **ਸ਼ੁਕਰ** ਅਤੇ ਘੱਟ 'ਤੇ **ਸੰਤੁਸ਼ਟ** ਰਹਿੰਦੇ।

ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਬਿਆਨ ਕਰਦੀ ਹਨ ਕਿ ਅੱਲਾਹ ਦੇ ਨਬੀ ﷺ ਤੋਹਫ਼ਾ ਕ਼ਬੂਲ ਕਰਿਆ ਕਰਦੇ ਸਨ ਅਤੇ ਆਪ ﷺ ਵੀ ਤੋਹਫ਼ਾ ਭੇਜਿਆ ਕਰਦੇ ਸਨ। ਛੋਟੇ ਤੋਂ ਛੋਟਾ ਤੋਹਫ਼ਾ ਵੀ ਹੁੰਦਾ ਤਾਂ ਆਪ ﷺ ਕ਼ਬੂਲ ਕਰਦੇ ਅਤੇ ਉਸ ਦੇ ਬਦਲੇ ਵਿੱਚ ਤੋਹਫ਼ਾ ਵੀ ਦਿਆ ਕਰਦੇ ਸਨ। ਆਪ ﷺ ਨੇ ਕਦੀ ਕਿਸੇ ਖਾਣੇ ਨੂੰ ਬੁਰਾ ਨਹੀਂ ਕਿਹਾ ਜੇਕਰ ਆਪ ﷺ ਉਸ ਨੂੰ ਪਸੰਦ ਕਰਦੇ ਤਾਂ ਖਾ ਲੈਂਦੇ ਨਹੀਂ ਤਾਂ ਛੱਡ ਦਿੰਦੇ।

ਆਪ ﷺ ਨੇ **ਪਸ਼ਮ** ਯਾਨੀ ਖੁਰਦਰੀ ਉੱਨ ਦਾ ਕੱਪੜਾ ਪਹਿਨਿਆ, **ਮੁਰੱਮਤ** ਕੀਤੇ ਹੋਈ ਜੁੱਤੀ ਪਹਿਨੀ। ਆਪ ﷺ ਨੇ ਹਮੇਸ਼ਾ ਸਖ਼ਤ ਖਾਣਾ ਖਾਧਾ (ਯਾਨੀ ਜੌਂ ਦੀ ਮੋਟੀ ਰੋਟੀ ਜਿਹੜੀ ਬਗ਼ੈਰ ਪਾਣੀ ਦੇ ਸੰਘ 'ਚੋਂ ਥੱਲੇ ਨਹੀਂ ਉੱਤਰਦੀ) ਅਤੇ ਸਾਦਾ ਪਹਿਨਿਆ।

ਆਪ ﷺ ਨੇ ਆਪਣੀ **ਜ਼ਿਰਹ** (ਕਵਚ) ਜੌਆਂ ਦੇ ਬਦਲੇ ਗਹਿਣੇ ਰੱਖੀ ਸੀ। ਆਪ ﷺ ਨੇ ਇੱਕ ਵਾਰ ਰੋਟੀ ਦੇ ਇੱਕ ਟੁਕੜੇ 'ਤੇ ਖਜੂਰ ਰੱਖੀ ਅਤੇ ਫ਼ਰਮਾਇਆ ਕਿ ਇਹ ਇਸ ਦਾ ਸਾਲਨ ਹੈ; ਇਵੇਂ ਖਜੂਰ ਦੇ ਨਾਲ਼ ਰੋਟੀ ਖਾ ਲਈ। ਆਪ ﷺ ਦੀ ਖ਼ਿਦਮਤ ਵਿੱਚ ਇੱਕ ਵਾਰ ਗਰਮ ਖਾਣਾ ਲਿਆਇਆ ਗਿਆ, ਆਪ ﷺ ਨੇ ਖਾਧਾ ਅਤੇ ਫ਼ਰਮਾਇਆ ਕਿ ਸਾਰੀਆਂ ਤਾਰੀਫ਼ਾਂ ਅੱਲਾਹ ਦੇ ਲਈ ਹਨ; ਇੰਨੇ ਅਰਸੇ ਤੋਂ ਗਰਮ ਖਾਣਾ ਨਹੀਂ ਖਾਧਾ ਸੀ। ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਕਹਿੰਦੀ ਹਨ ਕਿ ਨਬੀ ਕਰੀਮ ﷺ ਨੇ ਉਸ ਵੇਲੇ ਵਫ਼ਾਤ ਪਾਈ ਜਦ ਅਸੀਂ ਖਜੂਰ ਅਤੇ ਪਾਣੀ ਢਿੱਡ ਭਰ ਕੇ ਖਾਂਦੇ ਸਾਂ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ: ਪਾਕ ਅਤੇ ਪਵਿੱਤਰ ਲੋਕਾਂ ਦਾ ਢਿੱਡ ਭਰ ਕੇ ਖਾਣਾ ਉਸ ਕ਼ਿਸਮ ਦਾ ਢਿੱਡ ਭਰਨਾ ਨਹੀਂ ਹੁੰਦਾ ਜਿਹੜਾ ਉਨ੍ਹਾਂ ਲੋਕਾਂ ਦਾ ਹੁੰਦਾ ਹੈ ਜਿਨ੍ਹਾਂ ਦੇ ਹੱਕ਼ ਵਿੱਚ ਖ਼ੁਦਾ ਤਆਲਾ ਨੇ ਫ਼ਰਮਾਇਆ ਹੈ ਕਿ ਇਵੇਂ ਖਾਂਦੇ ਹਨ ਜਿਵੇਂ ਜਾਨਵਰ ਖਾਂਦੇ ਹਨ ਅਤੇ ਅੱਗ ਉਨ੍ਹਾਂ ਦਾ ਟਿਕਾਣਾ ਹੈ। ਨਬੀ ਕਰੀਮ ﷺ ਦਾ ਕਿਸੇ ਵੇਲੇ ਢਿੱਡ ਭਰ ਕੇ ਖਾਣਾ ਹੋਰ ਹੀ ਨੂਰ ਹੈ ਅਤੇ ਜੇਕਰ ਉਸ ਢਿੱਡ ਭਰਨ ਨੂੰ ਉਨ੍ਹਾਂ ਲੋਕਾਂ ਦੇ ਵੱਲ ਨਿਸਬਤ ਦਿੱਤੀ ਜਾਵੇ ਜਿਨ੍ਹਾਂ ਦਾ ਅਸਲ ਮਕ਼ਸਦ **ਸਵਾਦ** ਲੈਣਾ ਹੈ ਅਤੇ ਜਿਨ੍ਹਾਂ ਦੀਆਂ ਨਿਗਾਹਾਂ ਦੁਨਿਆਵੀ ਖ਼ਾਹਿਸ਼ਾਂ ਨੂੰ ਪੂਰਾ ਕਰਨ ਤੱਕ ਸੀਮਿਤ ਹਨ; ਉਸ ਢਿੱਡ ਭਰਨ ਨੂੰ ਅਸੀਂ ਹਰਗਿਜ਼ ਢਿੱਡ ਭਰਨਾ ਨਹੀਂ ਕਹਿ ਸਕਦੇ। ਢਿੱਡ ਭਰਨ ਦੀ ਵਿਆਖਿਆ ਵਿੱਚ ਪਾਕ ਅਤੇ ਪਵਿੱਤਰ ਲੋਕਾਂ ਦੀ ਪਰਿਭਾਸ਼ਾ ਅਤੇ ਨਾ-ਪਾਕ ਅਤੇ ਢਿੱਡ ਪ੍ਰਸਤਾਂ ਦੀ ਪਰਿਭਾਸ਼ਾ ਵੱਖ-ਵੱਖ ਹੈ। ਪਾਕ ਲੋਕ ਉਸੇ ਕ਼ਦਰ ਖਾਣੇ ਦਾ ਨਾਮ **"ਢਿੱਡ ਭਰਨਾ"** ਰੱਖ ਲੈਂਦੇ ਹਨ ਕਿ ਜਦ ਹਕ਼ੀਕ਼ਤ ਵਿੱਚ ਭੁੱਖ ਦੂਰ ਹੋ ਜਾਵੇ ਅਤੇ ਹਿੱਲਣ ਜੁੱਲਣ ਜੋਗੀ ਤਾਕ਼ਤ ਹਾਸਿਲ ਹੋ ਜਾਵੇ। ਭਾਵ ਮੋਮਿਨ ਦਾ ਢਿੱਡ ਭਰਨਾ ਇਹੀ ਹੈ ਕਿ ਇਸ ਕ਼ਦਰ ਖਾਣਾ ਖਾਵੇ ਕਿ ਜਿਹੜਾ ਉਸ ਦੀ ਪਿੱਠ ਨੂੰ ਕ਼ਾਇਮ ਰੱਖੇ ਅਤੇ ਆਪਣੇ ਉੱਤੇ ਵਾਜਿਬ ਹੱਕ਼ ਅਦਾ ਕਰ ਸਕੇ। ਬਸ ਜਿਹੜਾ ਸਭ ਰਸੂਲਾਂ ਦਾ **ਸਰਦਾਰ** ਹੈ ਉਸ ਦੇ ਢਿੱਡ ਭਰਨ ਦਾ ਅਨੁਮਾਨ ਆਮ ਲੋਕਾਂ ਦੇ ਢਿੱਡ ਭਰਨ 'ਤੇ ਅਨੁਮਾਨ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਬਹੁਤ ਲੋਕਾਂ ਨੇ ਆਪ ﷺ ਦੀ ਸ਼ਾਨ ਨੂੰ ਨਹੀਂ ਸਮਝਿਆ ਅਤੇ ਲਫ਼ਜ਼ਾਂ ਨੂੰ ਕਿੱਥੇ ਇਸਤੇਮਾਲ ਕਰਨਾ ਹੈ, ਇਸ ਦਾ ਧਿਆਨ ਨਹੀਂ ਰੱਖਿਆ ਅਤੇ ਆਪਣੇ ਤਾਈਂ ਗ਼ਲਤੀ ਵਿੱਚ ਪਾ ਦਿੱਤਾ। ਨਬੀ ਕਰੀਮ ﷺ ਦਾ ਕਿਸੇ ਵੇਲੇ ਇਹ ਫ਼ਰਮਾਉਣਾ ਕਿ ਮੈਂ ਰੱਜ ਗਿਆ ਹਾਂ ਹਰਗਿਜ਼ ਉਨ੍ਹਾਂ ਦੇ ਕ਼ੌਲ ਵਰਗਾ ਨਹੀਂ ਜਿਨ੍ਹਾਂ ਨੇ ਅਸਲ ਮਕ਼ਸਦ ਆਪਣੀ ਜ਼ਿੰਦਗੀ ਦਾ ਖਾਣਾ ਹੀ ਸਮਝਿਆ ਹੋਇਆ ਹੈ। ਭਾਵ ਪਾਕ ਲੋਕਾਂ ਦਾ **ਕੰਮ** ਅਤੇ **ਕਲਾਮ** ਪਾਕ ਲੋਕਾਂ ਦੇ ਮਰਤਬੇ ਦੇ ਮੁਤਾਬਿਕ਼ ਸਮਝਣਾ ਚਾਹੀਦਾ

ਹੈ ਅਤੇ ਉਨ੍ਹਾਂ ਦੇ ਕੰਮਾਂ ਨੂੰ ਦੂਸਰਿਆਂ 'ਤੇ ਅਨੁਮਾਨ ਕਰਨਾ ਸਹੀ ਨਹੀਂ ਹੈ। ਉਹ ਦਰ-ਹਕ਼ੀਕ਼ਤ ਇਸ ਆਲਮ ਤੋਂ ਬਾਹਰ ਹੁੰਦੇ ਹਨ ਭਾਵੇਂ ਇਸ ਆਲਮ ਦੇ ਅੰਦਰ ਹੀ ਹੋਣ।

ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਬਿਆਨ ਕੀਤਾ ਕਿ ਜਦ ਵੀ ਮੈਂ ਦਿਨ ਵਿੱਚ ਦੋ ਵਾਰ **ਰੱਜ** ਕੇ ਖਾਣਾ ਖਾਂਦੀ ਹਾਂ ਤਾਂ ਮੈਨੂੰ ਰੋਣ ਆਉਂਦਾ ਹੈ। ਪੁੱਛਿਆ ਗਿਆ ਕਿ ਕਿਉਂ ਰੋਣ ਆਉਂਦਾ ਹੈ? ਤਾਂ ਆਪ ਰਜ਼ਿਯੱਲਾਹੁ ਅਨਹਾ ਨੇ ਫ਼ਰਮਾਇਆ ਕਿ ਮੈਨੂੰ ਅੱਲਾਹ ਦੇ ਨਬੀ ﷺ ਦੀ ਉਹ ਹਾਲਤ ਯਾਦ ਆ ਜਾਂਦੀ ਹੈ ਜਿਸ ਵਿੱਚ ਆਪ ﷺ ਨੇ ਦੁਨੀਆ ਛੱਡੀ। ਰੱਬ ਦੀ ਸਹੁੰ! ਅੱਲਾਹ ਦੇ ਨਬੀ ﷺ ਨੇ ਕਦੀ ਇੱਕ ਦਿਨ ਵੀ ਦੋ ਵਾਰ **ਰੋਟੀ** ਅਤੇ **ਗੋਸ਼ਤ** ਢਿੱਡ ਭਰ ਕੇ ਨਹੀਂ ਖਾਧਾ।

ਹਜ਼ਰਤ ਅਬਦੁੱਲਾਹ ਬਿਨ ਉਬੈਦ ਰਜ਼ਿਯੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਅੱਲਾਹ ਦੇ ਨਬੀ ﷺ ਦੀ ਖ਼ਿਦਮਤ ਵਿੱਚ ਖਾਣਾ ਪੇਸ਼ ਕੀਤਾ ਗਿਆ। ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਅਰਜ਼ ਕੀਤਾ ਕਿ ਐ ਅੱਲਾਹ ਦੇ ਨਬੀ! ਆਪ ﷺ **ਟੇਕ** ਲਾ ਕੇ ਖਾਓ; ਇਹ ਆਪ ﷺ ਦੇ ਲਈ ਜ਼ਿਆਦਾ ਆਰਾਮ-ਦਿਹ ਹੋਵੇਗਾ। ਆਪ ﷺ ਨੇ ਆਪਣਾ ਮੱਥਾ ਜ਼ਮੀਨ ਵੱਲ ਝੁਕਾ ਦਿੱਤਾ ਅਤੇ ਕ਼ਰੀਬ ਸੀ ਕਿ ਉਹ ਜ਼ਮੀਨ ਨੂੰ ਛੂਹ ਜਾਵੇ। ਆਪ ﷺ ਨੇ ਫ਼ਰਮਾਇਆ ਮੈਂ ਤਾਂ ਇਸੇ ਤਰ੍ਹਾਂ ਖਾਵਾਂਗਾ ਜਿਸ ਤਰ੍ਹਾਂ ਆਮ ਬੰਦਾ ਖਾਂਦਾ ਹੈ ਅਤੇ ਇਸੇ ਤਰ੍ਹਾਂ ਬੈਠਾਂਗਾ ਜਿਸ ਤਰ੍ਹਾਂ ਆਮ ਬੰਦਾ ਬੈਠਦਾ ਹੈ ਕਿਉਂਕਿ ਮੈਂ ਤਾਂ ਮਹਿਜ਼ ਇੱਕ **ਬੰਦਾ** ਹਾਂ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਅੱਲਾਹ ਦੇ ਨਬੀ ﷺ ਦੀ ਪਾਕ ਜ਼ਿੰਦਗੀ ਦਾ ਵਿਸ਼ਲੇਸ਼ਣ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਆਪ ﷺ ਅਜਿਹੇ ਅਖ਼ਲਾਕ਼ ਵਾਲੇ ਸਨ ਕਿ ਬਾਵਜੂਦ ਇਸ ਦੇ ਕਿ ਆਪ ﷺ ਬੜੇ **ਰੁਅਬ** ਵਾਲੇ ਸਨ ਪਰ ਜੇਕਰ ਕੋਈ ਬੁੱਢੀ ਔਰਤ ਵੀ ਆਪ ﷺ ਨੂੰ ਖੜਾ ਕਰਦੀ ਤਾਂ ਆਪ ﷺ ਉਸ ਵੇਲੇ ਤੱਕ ਖੜੇ ਰਹਿੰਦੇ ਜਦ ਤੱਕ ਉਹ ਇਜਾਜ਼ਤ ਨਾ ਦੇ ਦਿੰਦੀ।

ਖ਼ੁਤਬੇ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ﷺ ਦਾ ਮੁਕ਼ਾਮ ਬਹੁਤ ਉੱਚਾ ਮੁਕ਼ਾਮ ਹੈ ਅਤੇ ਆਪ ﷺ ਦੇ ਹਰ ਅਮਲ ਵਿੱਚ ਇੱਕ ਉਸਵਾ ਹੈ।

أَللّٰهُمَّ صَلِّ عَلٰى مُحَمَّدٍ وَّعَلٰى آلِ مُحَمَّدٍ وَّبَارِكْ وَسَلِّمْ إِنَّكَ حَمِيْدٌ مَّجِيْدٌ ۞

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞